नामांक Roll No.

| | | | | | | |
|---|---|---|---|---|---|---|
| | | | | | | |

No. of Questions — 10

No. of Printed Pages — 7

**S—75—Punjabi (T.L.)**

# SECONDARY EXAMINATION, 2015

## PUNJABI

**( THIRD LANGUAGE )**

**Time : 3 $\frac{1}{4}$ Hours**

**Maximum Marks : 80**

ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :

1. ਪ੍ਰੀਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ-ਪੱਤਰ ’ਤੇ ਆਪਣਾ ਰੋਲ ਨੰਬਰ ਜ਼ਰੂਰ ਲਿਖੇ।
2. ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।
3. ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ ’ਤੇ ਹੀ ਲਿਖੋ।
4. ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਸਾਮਾਨ ਅੰਕ ਵਾਲ਼ੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇੱਕ ਥਾਂ ’ਤੇ ਇੱਕ ਹੀ ਤਰਤੀਬ ਵਿੱਚ ਲਿਖੋ।
5. ਪ੍ਰਸ਼ਨ ਸੰਖਿਆ 3 ਵਿੱਚ ਆਂਤਰਿਕ ਵਿਕੱਲਪ ਹੈ।

ਪ੍ਰਸ਼ਨ - 1. ਸ਼ਾਮ ਦੀ ਸੈਰ ਵੀ ਕਿੰਨੀ ਗੁਣਕਾਰੀ, ਸੁਹਾਵਣੀ ਤੇ ਸਵਾਸਥ ਵਰਧਕ ਹੁੰਦੀ ਹੈ। ਸਾਰੇ ਦਿਨ ਦੀ ਮਿਹਨਤ ਨਾਲ਼ ਤਨ, ਮਨ ਦੇ ਮੈਲੇ ਹੋਏ ਕੱਪੜੇ ਸ਼ਾਮ ਦੀ ਸੈਰ ਦੇ ਸਰਫ਼ ਨਾਲ਼ ਤੁਰੰਤ ਸਾਫ਼ ਹੋ ਜਾਂਦੇ ਹਨ, ਦਿਮਾਗ ਉੱਜਲ ਹੋ ਜਾਂਦਾ, ਬੁੱਧੀ ਨਿਰਮਲ ਹੋ ਜਾਂਦੀ, ਇਉਂ ਜਾਪਦਾ ਹੈ, ਇਹ ਸੈਰ ਨਹੀਂ ਤੁਰਦੀ ਫਿਰਦੀ ਟਕਸਾਲ ਹੈ, ਜਿਸ ਵਿੱਚ ਪੈ ਕੇ ਸੁਰਤਿ, ਮਨ, ਮਤ ਤੇ ਬੁਧਿ ਘੜੇ ਜਾਂਦੇ ਹਨ ਤੇ ਟਕਸਾਲੀ ਬਣ ਜਾਂਦੇ ਹਨ। ਖ਼ਰੇ ਸਿੱਕੇ ਵਾਂਗ ਹਰ ਥਾਂ ਚਲ ਸਕਦੇ ਹਨ, ਸ਼ਾਮ ਦੀ ਸੈਰ ਤੁਹਾਨੂੰ ਹਲਕਾ-ਫੁਲਕਾ ਕਰ ਦਿੰਦੀ ਹੈ, ਦਿਨ ਦੀ ਥਕਾਨ ਲਾਹੁੰਦੀ ਹੈ ਤੇ ਪੈਣ ਵਾਲ਼ੀ ਰਾਤ ਲਈ ਸੁਖਾਸਨ ਤਿਆਰ ਕਰਦੀ ਹੈ। ਤੁਸੀਂ ਤਰੋ-ਤਾਜ਼ਾ ਹੋ ਕੇ ਫੇਰ ਕੰਮ ਵਿੱਚ ਜੁੱਟ ਸਕਦੇ ਹੋ। ਰੱਜ ਕੇ ਭੋਜਨ ਛੱਕ ਸਕਦੇ ਹੋ। ਮਿੱਠੀ ਨੀਂਦ ਸੌਂ ਸਕਦੇ ਹੋ, ਲਾਲਚੀ ਡਾਕਟਰ ਨੂੰ ਆਪਣੇ ਤੋਂ ਪਰ੍ਹਾਂ ਰੱਖ ਸਕਦੇ ਹੋ ਤੇ ਲੋੜਵੰਦ ਲਈ ਦਰ ਖੁੱਲ੍ਹਾ ਛੱਡ ਸਕਦੇ ਹੋ, ਜਿਹੜਾ ਗੁਰੂ ਕੇ ਲੰਗਰ ਵਿੱਚ ਆ ਕੇ ਪਰਸ਼ਾਦੇ ਛੱਕ ਸਕੇ ਤੇ 'ਗੁਰੂ ਕੀ ਸਰਾਏ' ਵਿੱਚ ਰਾਤ ਭਰ ਵਿਸ਼ਰਾਮ ਕਰ ਸਕੇ।

ਉਪਰੋਕਤ ਪੈਰ੍ਹੇ ਨੂੰ ਧਿਆਨ ਨਾਲ਼ ਪੜ੍ਹ ਕੇ ਹੇਠਲੇ ਪ੍ਰਸ਼ਨਾਂ ਦੇ ਉੱਤਰ ਦਿਓ :-

5 × 2= 10

(ੳ) ਸ਼ਾਮ ਦੀ ਸੈਰ ਨੂੰ ਟਕਸਾਲ ਕਿਉਂ ਕਿਹਾ ਗਿਆ ਹੈ?

(ਅ) ਸ਼ਾਮ ਦੀ ਸੈਰ ਦੇ ਕੀ ਗੁਣ ਹਨ?

(ੲ) ਸ਼ਾਮ ਦੀ ਸੈਰ ਸਰੀਰ ਦੀ ਅਰੋਗਤਾ ਲਈ ਕਿਵੇਂ ਸਹਾਈ ਹੁੰਦੀ ਹੈ?

(ਸ) ਪੈਰ੍ਹੇ ਦਾ ਢੁੱਕਵਾਂ ਸਿਰਲੇਖ ਦਿਓ।

(ਹ) ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਪੈਰ੍ਹੇ ਵਿੱਚੋਂ ਭਾਲ਼ ਕੇ ਲਿਖੋ :-

ਖੋਟੇ, ਰਾਤ, ਕੌੜੀ, ਉਰ੍ਹਾਂ।

ਪ੍ਰਸ਼ਨ - 2. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਪਰ ਲੇਖ ਲਿਖੋ :- 8

(ੳ) ਸਰਬੰਸਦਾਨੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ।

(ਅ) ਵਿਦਿਆਰਥੀ ਅਤੇ ਅਨੁਸ਼ਾਸਨ।

(ੲ) ਮਨ ਭਾਉਂਦਾ ਤਿਉਹਾਰ।

(ਸ) ਬੇਰੁਜ਼ਗਾਰੀ।

(ਹ) ਮੇਰਾ ਮਨ ਭਾਉਂਦਾ ਅਧਿਆਪਕ।

ਪ੍ਰਸ਼ਨ - 3. ਆਪਣੇ ਸਕੂਲ ਦੇ ਪ੍ਰਿੰਸੀਪਲ ਸਾਹਿਬ ਨੂੰ ਲਾਇਬਰੇਰੀ ਵਿੱਚ ਪੰਜਾਬੀ ਵਿਸ਼ੇ ਦੀਆਂ ਪੁਸਤਕਾਂ ਮੰਗਵਾਉਣ ਸੰਬੰਧੀ ਪੱਤਰ ਲਿਖੋ। 4

**ਜਾਂ**

ਹੀਰੋ ਸਾਈਕਲ ਕੰਪਨੀ ਲੁਧਿਆਣਾ ਦੇ ਮੈਨੇਜ਼ਰ ਸਾਹਿਬ ਨੂੰ ਨਵਾਂ ਸਾਈਕਲ ਖਰੀਦਣ ਲਈ ਇੱਕ ਪੱਤਰ ਲਿਖੋ ।

ਪ੍ਰਸ਼ਨ - 4. ਹੇਠ ਲਿਖੇ ਪੈਰ੍ਹੇ ਨੂੰ ਸੰਖੇਪ ਕਰਦੇ ਹੋਏ, ਇਸਦਾ ਢੁੱਕਵਾਂ ਸਿਰਲੇਖ ਦਿਓ :- 2 + 1 = 3

ਚੰਗਾ ਭਾਸ਼ਨ ਕਰ ਸਕਣਾ ਇੱਕ ਮਹੱਤਵਪੂਰਨ ਕਲਾ ਹੈ। ਮਨੁੱਖ ਦੀ ਜਿੰਦਗੀ ਭਾਸ਼ਨ-ਕਲਾ ਦਾ ਆਪਣਾ ਹੀ ਸਥਾਨ ਹੈ। ਦੂਜਿਆਂ ਸਾਹਮਣੇ ਬੇਝਿਜਕ ਬੋਲ ਸਕਣਾ, ਜੋ ਕਹਿਣਾ ਹੈ, ਉਸ ਨੂੰ ਚੰਗੀ ਤਰ੍ਹਾਂ ਜਾਣਦੇ ਹੋਣਾ, ਕੁੱਝ ਪੂਰਵ ਵਿਉਂਤ ਅਨੁਸਾਰ ਅਤੇ ਕੁੱਝ ਮੌਕੇ ਤੇ ਫੁਰੇ ਨੂੰ ਆਤਮ-ਵਿਸ਼ਵਾਸ ਨਾਲ ਕਹਿ ਸਕਣਾ ਵੀ ਭਾਸ਼ਨ-ਕਲਾ ਦੇ ਮੋਟੇ-ਮੋਟੇ ਗੁਣ ਹਨ। ਇੱਕ ਨੇਤਾ ਚੰਗਾ ਭਾਸ਼ਨ ਕਰ ਕੇ ਸਾਰੇ ਸਰੋਤਿਆਂ ਨੂੰ ਜਿਵੇਂ ਚਾਹੇ ਪ੍ਰੇਰ ਸਕਦਾ ਹੈ। ਕੇਵਲ ਨੇਤਾਵਾਂ ਲਈ ਹੀ ਨਹੀਂ ਆਮ ਮਨੁੱਖ ਲਈ ਵੀ ਭਾਸ਼ਨ-ਕਲਾ ਜ਼ਰੂਰੀ ਹੈ। ਇੰਟਰਵਿਊ ਅਤੇ ਸਾਧਾਰਨ ਗੱਲਬਾਤ ਵਿੱਚ ਵੀ ਇਹ ਕਲਾ ਅਹਿਮ ਭੂਮਿਕਾ ਨਿਭਾਉਂਦੀ ਹੈ। ਚੰਗਾ ਭਾਸ਼ਨ ਕਰਨਾ ਇੰਨੀ ਸੁਖਾਲ਼ੀ ਗੱਲ ਨਹੀਂ। ਫਿਰ ਵੀ ਚੰਗੇ ਗਿਆਨ ਅਤੇ ਅਭਿਆਸ ਨਾਲ਼ ਇਹ ਗੁਣ ਹਾਸਲ ਕੀਤਾ ਜਾ ਸਕਦਾ ਹੈ। ਸਕੂਲਾਂ ਕਾਲਜਾਂ ਵਿੱਚ ਇਸ ਕਲਾ ਦਾ ਵਿਕਾਸ ਕਰਨ ਦੇ ਅਨੇਕਾਂ ਮੌਕੇ ਮਿਲਦੇ ਹਨ। ਜੇ ਵਿਦਿਆਰਥੀ ਅਧਿਆਪਕਾਂ ਦੀ ਅਗਵਾਈ ਵਿੱਚ ਮਿਹਨਤ ਕਰੇ, ਤਾਂ ਉਹ ਇਹ ਕਲਾ ਸਹਿਜੇ ਹੀ ਸਿੱਖ ਸਕਦਾ ਹੈ।

ਪ੍ਰਸ਼ਨ - 5. (ੳ) ਹੇਠ ਲਿਖੇ ਸ਼ਬਦਾਂ ਨੂੰ ਅਗੇਤਰ ਅਤੇ ਪਿਛੇਤਰ ਦੇ ਤੌਰ 'ਤੇ ਵਰਤੋ :-

ਅਗੇਤਰ = ਨਿਰ, ਮਹਾ, ਉਨ। (ਤਿੰਨ-ਤਿੰਨ ਸ਼ਬਦ) $\frac{1}{2}+\frac{1}{2}+\frac{1}{2}=1\frac{1}{2}$

ਪਿਛੇਤਰ = ਹਾਰ, ਵਟ, ਕਾਰੀ। (ਤਿੰਨ-ਤਿੰਨ ਸ਼ਬਦ) $\frac{1}{2}+\frac{1}{2}+\frac{1}{2}=1\frac{1}{2}$

(ਅ) ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ :- 1 + 1 + 1 = 3

1. ਚਰਖਾ ਕੱਤਣ ਵਾਲ਼ੀਆਂ ਕੁੜੀਆਂ ਦਾ ਇਕੱਠ।
2. ਕਵਿਤਾ ਲਿਖਣ ਵਾਲ਼ਾ।
3. ਜਿਹੜਾ ਕਿਸੇ ਦੀ ਕੀਤੀ ਨੇਕੀ ਨਾ ਜਾਣੇ।

(ੲ) ਹੇਠ ਲਿਖੇ ਸ਼ਬਦਾਂ ਨੂੰ ਸੋਧ ਕੇ ਲਿਖੋ :- (ਕੋਈ ਤਿੰਨ) 1 + 1 + 1 = 3

ਆਯਾ, ਸਮਯ, ਸੁਵਾਦ, ਹੰਜੁ, ਸਾਂਡੂ, ਠੰਡ।

(ਸ) ਹੇਠ ਲਿਖੇ ਵਾਕਾਂ ਦੀ ਬਣਤਰ ਬਦਲੋ :- 1 + 1 + 1 = 3

1. ਰਾਮ ਘਰ ਵਿੱਚ ਹੈ। (ਨਾਂਹ ਵਾਚਕ ਵਾਕ ਬਣਾਓ)
2. ਕੀ ਸ਼ਾਮ ਭੈੜੇ ਕੰਮ ਕਰਨ ਤੋਂ ਨਹੀਂ ਡਰਦਾ? (ਸਰਲ ਵਾਕ ਬਣਾਓ)
3. ਮੁੰਡਾ ਖੇਡਦਾ ਸੀ। (ਵਰਤਮਾਨ ਕਾਲ 'ਚ ਵਾਕ ਬਣਾਓ)

(ਹ) ਹੇਠ ਲਿਖੇ ਵਾਕਾਂ ਵਿੱਚ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਕਰੋ :- (ਕੋਈ ਤਿੰਨ)

1 + 1 + 1 = 3

1. ਭਾਰਤ ਵਿੱਚ ਕੁੱਲ ਕਿੰਨੇ ਜ਼ਿਲ੍ਹੇ ਹਨ
2. ਸਾਡੀ ਰਹਾਇਸ਼ ਖੇਤ 'ਚ ਹੀ ਹੈ
3. ਵਾਹ ਅੰਬ ਕਿਹਾ ਸੁਆਦਲਾ
4. ਅੱਛਾ ਤਾਂ ਤੇਰੇ ਮਾਤਾ ਜੀ ਵੀ ਐੱਮ. ਏ. ਹਨ

ਪ੍ਰਸ਼ਨ - 6. ਆਪਣੀ ਪਾਠ-ਪੁਸਤਕ ਦੇ ਇਸ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :-

$6 \times 1\frac{1}{2} = 9$

ਬਾਬਾ ਜੀ ਨੇ 'ਸ਼੍ਰੀ ਗੁਰੂ ਨਾਨਕ ਸਟੀਮਸ਼ਿੱਪ ਕੰਪਨੀ' ਬਣਾ ਲਈ। ਉਨ੍ਹਾਂ ਨੇ 24 ਮਾਰਚ 1914 ਨੂੰ ਇੱਕ ਜਾਪਾਨੀ ਕੰਪਨੀ ਤੋਂ ਕਾਮਾਗਾਟਾਮਾਰੂ ਨਾਂ ਦਾ ਸਮੁੰਦਰੀ ਜਹਾਜ਼ ਛੇ ਮਹੀਨਿਆਂ ਲਈ ਠੇਕੇ ਉੱਤੇ ਲੈ ਲਿਆ। ਉਹਨਾਂ ਨੇ ਐਲਾਨ ਕਰ ਦਿੱਤਾ ਕਿ ਜਹਾਜ਼ 28 ਮਾਰਚ ਨੂੰ ਕੈਨੇਡਾ ਲਈ ਚੱਲੇਗਾ ਅਤੇ ਟਿਕਟਾਂ ਵੇਚਣੀਆਂ ਸ਼ੁਰੂ ਕਰ ਦਿੱਤੀਆਂ। ਉੱਥੋਂ ਦੀ ਸਰਕਾਰ ਨੇ ਬਾਬਾ ਜੀ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ ਅਤੇ ਅੰਤ ਨੂੰ ਇੱਕ ਦਿਨ ਹਾਂਗਕਾਂਗ ਦੇ ਗੁਰਦੁਆਰੇ ਵਿੱਚੋਂ ਗ੍ਰਿਫਤਾਰ ਕਰ ਲਿਆ। ਸਰਕਾਰ ਦਾ ਉਦੇਸ਼ ਮੁਸਾਫ਼ਰਾਂ ਨੂੰ ਡਰਾਉਣਾ ਤੇ ਉਨ੍ਹਾਂ ਦਾ ਮਨੋਬਲ ਤੋੜਨਾ ਸੀ। ਇਹ ਪ੍ਰਚਾਰ ਕੀਤਾ ਗਿਆ ਕਿ ਜ਼ਹਾਜ਼ ਨੂੰ ਚੱਲਣ ਨਹੀਂ ਦਿੱਤਾ ਜਾਵੇਗਾ, ਜੇ ਜਹਾਜ਼ ਚਲ ਵੀ ਪਿਆ, ਰਾਹ ਵਿੱਚ ਰੋਕ ਲਿਆ ਜਾਵੇਗਾ। ਜੇ ਜਹਾਜ਼ ਕੈਨੇਡਾ ਪੁੱਜ ਵੀ ਗਿਆ, ਮੁਸਾਫ਼ਰਾਂ ਨੂੰ ਉਤਰਨ ਨਹੀਂ ਦਿੱਤਾ ਜਾਵੇਗਾ।

(ੳ) ਇਹ ਪੈਰ੍ਹਾ ਕਿਸ ਜੀਵਨੀ ਵਿੱਚੋਂ ਲਿਆ ਗਿਆ ਹੈ?

(ਅ) ਇਸ ਪੈਰ੍ਹੇ ਦਾ ਲੇਖਕ ਕੌਣ ਹੈ?

(ੲ) ਬਾਬਾ ਜੀ ਨੇ ਕਿਹੜੀ ਕੰਪਨੀ ਬਣਾਈ ਸੀ?

(ਸ) ਬਾਬਾ ਜੀ ਨੂੰ ਕਿੱਥੋਂ ਗ੍ਰਿਫ਼ਤਾਰ ਕੀਤਾ ਗਿਆ?

(ਹ) ਬਾਬਾ ਜੀ ਨੇ ਜਿਹੜਾ ਜਹਾਜ਼ ਠੇਕੇ ਤੇ ਲਿਆ, ਉਸਦਾ ਨਾਂ ਕੀ ਸੀ?

(ਕ) ਜਹਾਜ਼ ਬਾਰੇ ਕਿਹੋ ਜਿਹਾ ਪਰਚਾਰ ਕੀਤਾ ਗਿਆ?

ਪ੍ਰਸ਼ਨ - 7. ਕੋਈ ਪੰਜ ਪ੍ਰਸ਼ਨ ਕਰੋ :- $5 \times 1 = 5$

(ੳ) 'ਕਰਾਮਾਤ' ਕਹਾਣੀ ਦਾ ਲੇਖਕ ਕੌਣ ਹੈ?

(ਅ) 'ਰੱਬ ਤੇ ਰੁੱਤਾਂ' ਕਹਾਣੀ ਅਨੁਸਾਰ ਅੱਜ ਦੇ ਲੋਕਾਂ ਨੂੰ 'ਰੁੱਤਾਂ' ਦਾ ਕਿਵੇਂ ਪਤਾ ਲਗਦਾ ਹੈ?

(ੲ) 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਦਾ ਲੇਖਕ ਕੌਣ ਹੈ?

(ਸ) ਮਹਾਰਾਜਾ ਰਣਜੀਤ ਸਿੰਘ ਦੇ ਵਜ਼ੀਰ ਦਾ ਕੀ ਨਾਂ ਸੀ?

(ਹ) ਨਾਮਧਾਰੀ ਲਹਿਰ ਦੇ ਸੰਚਾਲਕ ਕੌਣ ਸਨ?

(ਕ) 'ਦੁਸ਼ਮਣ' ਇਕਾਂਗੀ ਵਿੱਚ ਦੁਸ਼ਮਣ ਕਿਸ ਨੂੰ ਕਿਹਾ ਗਿਆ ਹੈ?

(ਖ) 'ਕੋਊ ਨ ਨਿਬਹਿਓ ਸਾਥਿ' ਇਕਾਂਗੀ ਦਾ ਲੇਖਕ ਕੌਣ ਹੈ?

ਪ੍ਰਸ਼ਨ - 8. ਕੋਈ ਦੋ ਪ੍ਰਸ਼ਨ ਕਰੋ :- $2 \times 3 = 6$

(ੳ) ਰਘੁਨਾਥ ਦੀ ਪਾਤਰ ਉਸਾਰੀ ਕਰੋ।

(ਅ) ਚੌਕੀ ਇੰਚਾਰਜ ਮੁਖਤਿਆਰ ਸਿੰਘ ਅਸਲ ਵਿੱਚ ਕਿਹੜੀ ਗਸ਼ਤ ਉੱਤੇ ਨਿਕਲਦਾ ਹੈ?

(ੲ) ਬਾਬੇ ਪੁਨੂੰ ਨੇ ਪਹਿਲਵਾਨ ਦੀ 'ਵਿਜੈ ਪਤਾਕਾ' ਕਿਵੇਂ ਝੁਕਾਈ?

ਪ੍ਰਸ਼ਨ - 9. ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :- $2 \times 5 = 10$

(ੳ) ਸਤਿਗੁਰੂ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ॥
ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰ ਧਰੋਆ॥
ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ॥

(ਅ) ਜੋ ਬਦੇਸ਼ਾਂ 'ਚ ਰੁਲ਼ਦੇ ਨੇ ਰੋਜ਼ੀ ਲਈ

ਉਹ ਜਦੋਂ ਦੇਸ਼ ਪਰਤਣਗੇ ਆਪਣੇ ਕਦੀ

ਕੁਛ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ

ਬਾਕੀ ਕਬਰਾਂ ਦੇ ਰੁੱਖ ਹੇਠ ਜਾ ਬਹਿਣਗੇ।

(ੲ) ਚਾਰ ਦਿਹਾੜੇ ਗੋਇਲ ਵਾਸਾ,

ਕਿਆ ਜਾਣਾ ਕਿਤ ਢੁਲਸੀ ਵੋ ਪਾਸਾ,

ਬਾਲਕ ਮਨ ਪਰਚਾਵਣਾ॥2॥

ਪ੍ਰਸ਼ਨ - 10. ਕੋਈ ਦੋ ਪ੍ਰਸ਼ਨ ਕਰੋ :- $2 \times 5 = 10$

(ੳ) ਆਪਣੇ ਗੁਰੂ ਦੇ ਦਰਸ਼ਨ ਕਰ ਕੇ ਗੁਰੂ ਅਰਜਨ ਦੇਵ ਜੀ ਸਾਹਿਬ ਕੀ ਮਹਿਸੂਸ ਕਰਦੇ ਹਨ?

(ਅ) ਬੁੱਲ੍ਹੇ ਸ਼ਾਹ ਕਿਹੜੀ ਸ਼ਰ੍ਹਾ ਨੂੰ ਤਿਆਗਣ ਲਈ ਕਹਿੰਦਾ ਅਤੇ ਕਿਉਂ?

(ੲ) 'ਜਵਾਨ ਪੰਜਾਬ ਦੇ' ਕਵਿਤਾ ਵਿੱਚ ਪੰਜਾਬ ਦਾ ਜੋ ਦ੍ਰਿਸ਼ ਚਿੱਤਰਿਆ ਗਿਆ ਹੈ, ਉਸ ਦਾ ਵਰਣਨ ਆਪਣੇ ਸ਼ਬਦਾਂ ਵਿੱਚ ਕਰੋ।